ਪੜ੍ਹੋ ਪੰਜਾਬ

ਪ੍ਰੀ-ਪ੍ਰਾਇਮਰੀ ਸ਼੍ਰੇਣੀਆਂ ਲਈ

ਪੜ੍ਹਾਓ ਪੰਜਾਬ

# ਬੱਦਲਾਂ ਦੀ ਆਈਸਕ੍ਰੀਮ



ਸਕੂਲ ਸਿੱਖਿਆ ਵਿਭਾਗ, ਪੰਜਾਬ

ਪੜ੍ਹੋ ਪੰਜਾਬ

ਪੜ੍ਹਾਓ ਪੰਜਾਬ

ਪ੍ਰੀ-ਪ੍ਰਾਇਮਰੀ ਸ਼੍ਰੇਣੀਆਂ ਲਈ

# ਬੱਦਲਾਂ ਦੀ ਆਈਸਕ੍ਰੀਮ

ਲੇਖਕ: ਅਮਰ ਗੋਸਵਾਮੀ
ਚਿੱਤਰ: ਪਾਰਥਾ ਸੇਨਗੁਪਤਾ
ਪੰਜਾਬੀ ਅਨੁਵਾਦ: ਪਵਨਦੀਪ ਕੌਰ




ਜਸ ਨੂੰ ਪਤੰਗ ਉਡਾਉਣਾ ਵਧੀਆ ਲੱਗਦਾ ਸੀ। ਪਤੰਗ ਵੀ ਜਸ ਨੂੰ ਹਮੇਸ਼ਾ ਖੁਸ਼ ਰੱਖਦੀ ਸੀ।



ਜਸ ਜਦੋਂ ਹੱਸਦੀ ਤਾਂ ਪਤੰਗ
ਗੁਲਾਬੀ ਹੋ ਜਾਂਦੀ।



ਜਦੋਂ ਨਰਾਜ਼ ਹੋ ਜਾਂਦੀ
ਸੀ ਤਾਂ ਲਾਲ।
ਅਤੇ ਜਦੋਂ ਖੁਸ਼ ਹੋ ਜਾਂਦੀ
ਤਾਂ ਹਰੀ ਹੋ ਜਾਂਦੀ ਸੀ।






ਕਦੇ ਨੀਲੀ, ਕਦੇ ਪੀਲ਼ੀ ਵੀ।



ਇੱਕ ਦਿਨ ਪਤੰਗ ਉੱਚੀ ਉੱਡ ਰਹੀ ਸੀ।



ਪਤੰਗ ਉੱਡਦੀ-ਉੱਡਦੀ ਬੱਦਲਾਂ ਤੋਂ ਪਾਰ ਪਹੁੰਚੀ।



ਉੱਥੇ ਉਸ ਨੂੰ ਛੋਟੀ ਜਿਹੀ ਪਰੀ ਮਿਲੀ।
ਦੋਵੇਂ ਗੱਲਾਂ ਕਰਨ ਵਿੱਚ ਮਸਤ ਹੋ ਗਈਆਂ।



ਦੇਰ ਹੁੰਦੀ ਦੇਖ ਜਸ ਨੇ ਡੋਰ ਖਿੱਚੀ।



ਪਤੰਗ ਨੇ ਪਰੀ ਤੋਂ ਵਾਪਸ
ਜਾਣ ਦੀ ਇਜ਼ਾਜਤ ਲਈ।



ਪਰੀ ਨੇ ਉਸਨੂੰ ਤੋਹਫ਼ੇ ਵਿੱਚ ਬੱਦਲਾਂ
ਦੀ ਆਈਸਕ੍ਰੀਮ ਦਿੱਤੀ,
ਰੂੰ ਵਰਗੀ !




ਪਤੰਗ ਨੇ ਜਸ ਨੂੰ ਪਰੀ ਦਾ ਤੋਹਫ਼ਾ ਦਿੱਤਾ,
ਬੱਦਲਾਂ ਦੀ ਆਈਸਕ੍ਰੀਮ !




ਜਸ ਬੋਲੀ, “ਤੂੰ ਕਿੰਨੀ ਚੰਗੀ ਸਹੇਲੀ ਹੈਂ!”

ਜਸ ਅਤੇ ਉਸਦੀ ਪਿਆਰੀ ਪਤੰਗ ਵਿੱਚ ਪੱਕੀ ਦੋਸਤੀ ਹੈ।
ਪਤੰਗ ਉਸ ਲਈ ਇੱਕ ਅਨੋਖਾ ਤੋਹਫ਼ਾ ਲਿਆਉਂਦੀ ਹੈ।
ਬੱਦਲਾਂ ਦੀ ਆਈਸਕ੍ਰੀਮ! ਪੜ੍ਹੋ।

***Baddlan di Ice-Cream***(Punjabi), translated by Pawandeep Kaur, text and illustrations adapted from original story ***Baadlon ki Ice-Cream*** (Hindi), written by Amar Goswami, illustrated by Partho Sengupta, published by Pratham Books (© Pratham Books, 2007) under a CC BY 4.0 license on StoryWeaver. Read, create and translate stories for free on www.storyweaver.org.in

PRATHAM BOOKS
storyweaver

StoryWeaver is a digital repository of multilingual stories for children from Pratham Books. Now, every child can have access to an endless stream of stories in her mother tongue to read and enjoy.

PRATHAM BOOKS
A Book in Every Child's Hand

Pratham Books is a not-for-profit organization that publishes books in multiple Indian languages to promote reading among children.

PRATHAM

Pratham is an innovative learning organization created to improve the quality of education in India.

ਦਫ਼ਤਰ ਡਾਇਰੈਕਟਰ ਰਾਜ ਸਿੱਖਿਆ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ
ਬਲਾਕ-ਈ, ਛੇਵੀਂ ਮੰਜਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ਼-8, ਐਸ.ਏ.ਐਸ ਨਗਰ, ਮੁਹਾਲੀ